CLADDING SAFETY Victoria

# ਅੱਗ ਤੋਂ ਸੁਰੱਖਿਆ ਵਿੱਚ ਹਰ ਕਿਸੇ ਦੀ ਭੂਮਿਕਾ ਹੁੰਦੀ ਹੈ

ਤੁਹਾਡੀ ਇਮਾਰਤ ਦੇ ਬਾਹਰਵਾਰ ਲੱਗੀ ਦਹਿਨਸ਼ੀਲ ਕਲੈਡਿੰਗ ਦਾ ਪਤਾ ਲੱਗਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੀ ਇਮਾਰਤ ਸੁਰੱਖਿਅਤ ਨਹੀਂ ਹੈ। ਪਰ, ਜਦ ਇੱਕ ਵਾਰ ਅੱਗ ਬਲਣੀ ਸ਼ੁਰੂ ਹੋ ਜਾਂਦੀ ਹੈ ਤਾਂ ਕਲੈਡਿੰਗ ਅੱਗ ਦੇ ਫੈਲਣ ਵਿੱਚ ਯੋਗਦਾਨ ਪਾ ਸਕਦੀ ਹੈ।

ਅੱਗ ਲੱਗਣ ਦੇ ਖਤਰੇ ਨੂੰ ਘੱਟ ਤੋਂ ਘੱਟ ਕਰਨ ਲਈ ਅਤੇ ਤੁਹਾਨੂੰ, ਤੁਹਾਡੇ ਗੁਆਂਢੀਆਂ ਅਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਕੁਝ ਸੌਖੇ ਕਦਮ ਹਨ, ਜਿੰਨ੍ਹਾਂ ਦੀ ਤੁਹਾਨੂੰ ਪਾਲਣਾ ਕਰਨੀ ਚਾਹੀਦੀ ਹੈ। **ਕਿਸੇ ਸੰਕਟ ਦੀ ਘੜੀ ਵਿੱਚ, 000 (ਤਿੰਨ ਜ਼ੀਰੋ) ਉੱਤੇ ਫੋਨ ਕਰੋ।**



ਬਾਲਕੋਨੀਆਂ ਉੱਤੇ ਸਿਗਰਟ ਨਾ ਪੀਓ



ਬਾਲਕੋਨੀਆਂ ਉੱਤੇ ਬਾਰ-ਬੇ-ਕਿਊ ਦੀ ਵਰਤੋਂ ਨਾ ਕਰੋ



ਬਾਲਕੋਨੀਆਂ ਵਿੱਚ ਗੈਸ ਦੀਆਂ ਬੋਤਲਾਂ ਨੂੰ ਸੰਭਾਲ ਕੇ ਨਾ ਰੱਖੋ



ਯਕੀਨੀ ਬਣਾਓ ਕਿ ਧੂੰਏਂ ਵਾਲੇ ਅਲਾਰਮ ਢੱਕੇ ਹੋਏ ਨਹੀਂ ਹਨ, ਜਾਂ ਉਹਨਾਂ ਦੇ ਜੋੜ ਲਾਹੇ ਹੋਏ ਨਹੀਂ ਹਨ, ਅਤੇ ਇਹਨਾਂ ਨੂੰ ਹਰ ਮਹੀਨੇ ਟੈਸਟ ਕੀਤਾ ਜਾਂਦਾ ਹੈ। ਨੌਂ-ਵੋਲਟ ਵਾਲੀਆਂ ਬੈਟਰੀਆਂ ਨੂੰ ਹਰ ਸਾਲ ਬਦਲੋ। 10 ਸਾਲ ਦੀ ਲਿਥੀਅਮ ਬੈਟਰੀ ਵਾਲੇ ਧੂੰਏਂ ਦੇ ਅਲਾਰਮਾਂ ਨਾਲ ਬਦਲਣ ਬਾਰੇ ਵਿਚਾਰ ਕਰੋ।



ਬਾਲਕੋਨੀਆਂ, ਬਰਾਂਡੇ ਅਤੇ ਬਾਹਰ ਨਿਕਲਣ ਦੇ ਰਸਤਿਆਂ ਨੂੰ ਖਿਲਾਰੇ ਅਤੇ ਕੂੜੇ ਤੋਂ ਸਾਫ਼ ਰੱਖੋ। ਯਕੀਨੀ ਬਣਾਓ ਕਿ ਤੁਹਾਡੇ ਕੋਲ ਬਾਹਰ ਨਿਕਲਣ ਦੀ ਯੋਜਨਾ ਹੋਵੇ।



ਕੱਪੜਿਆਂ ਅਤੇ ਹੋਰ ਸਮਾਨ ਨੂੰ ਏਅਰ ਕੰਡੀਸ਼ਨ ਵਾਲੇ ਯੂਨਿਟਾਂ ਤੋਂ ਘੱਟੋ ਘੱਟ ਇੱਕ ਮੀਟਰ ਦੂਰ ਰੱਖੋ